ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026
ISSN: 2583-9446 (O)
Paper Published Id: ARMN040103
Available online at: www.armaan.org.in
DOI: https://doi.org/10.64119/armaan.vol.4.issue1.03

# ਗੁਰਮਤਿ ਵਿੱਚ ਧਰਮ ਦੀ ਸੰਕਲਪਨਾ

# Gurmati Vich Dharam Di Sankalpna

**ਡਾ. ਨਵਨੀਤ ਕੌਰ (Dr. Navneet Kaur)**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ (Assistant Professor, Punjabi)
ਐਨਸੀਵੈਬ, ਦਿੱਲੀ ਯੂਨੀਵਰਸਿਟੀ, ਦਿੱਲੀ
Email ID: office.kaur06@gmail.com ਮੋਬਾਈਲ: +91-85273-13813

*ਸਾਰ (Abstract)*

*ਅਜੋਕੇ ਸਮੇਂ ਧਰਮ ਅਤੇ ਮਜ਼ਹਬ ਦੇ ਨਾਂ ਹੇਠ ਕੇਵਲ ਸਮਾਜਕ ਵਿਵਾਦ, ਨਫ਼ਰਤ, ਪੱਖਪਾਤ ਅਤੇ ਵਿਸ਼ਿਸ਼ਟਤਾਵਾਦੀ ਦ੍ਰਿਸ਼ਟੀ ਦਾ ਪਸਾਰਾ ਨਜ਼ਰ ਆਉਂਦਾ ਹੈ। ਇਸ ਸੰਦਰਭ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਧਰਮ ਅਤੇ ਮਜ਼ਹਬ ਦੀ ਪਦਾਵਲੀ ਨੂੰ ਸਮਾਨ ਪੱਧਰ ਉੱਤੇ ਵਰਤਿਆ ਜਾਣ ਲੱਗਾ ਹੈ; ਜਦ ਕਿ ਪ੍ਰਵਾਣਿਤ ਹੈ ਕਿ ਧਰਮ ਦਾ ਸੰਕਲਪ ਸ੍ਰਿਸ਼ਟੀ ਦੇ ਸਰਬ-ਵਿਆਪਕ ਨੇਮ ਪ੍ਰਤੀ ਮਨੁੱਖ ਨੂੰ ਜਾਗ੍ਰਿਤ ਕਰਦਾ ਹੈ ਅਤੇ ਮਜ਼ਹਬ ਕਮਾਂਡਮੇਂਟਸ (commandments) ਦੇ ਰੂਪ ਵਿੱਚ ਮਨੁੱਖ ਨੂੰ ਆਦੇਸ਼ ਪ੍ਰਦਾਨ ਕਰਦਾ ਹੈ। ਭਾਰਤੀ ਗਿਆਨ ਅਤੇ ਦਰਸ਼ਨ ਪਰੰਪਰਾ ਵਿੱਚੋਂ ਉਪਜੀ ਧਰਮ ਕੇਂਦਰਿਤ ਜੀਵਨ-ਦ੍ਰਿਸ਼ਟੀ ਦਾ ਅਧਾਰ ਬ੍ਰਹਮ ਕੇਂਦਰਿਤ ਵਿਸ਼ਵ-ਦ੍ਰਿਸ਼ਟੀ ਬਣਦੀ ਹੈ। ਧਰਮ ਭਾਰਤੀ ਜੀਵਨ ਜਾਂਚ ਦੀ ਨੀਂਹ ਹੈ ਅਤੇ ਸਮਾਜਕ ਵਿਵਸਥਾ ਲਈ ਇੱਕ ਨੈਤਿਕ ਵਿਧਾਨ ਵਜੋਂ ਕਾਰਜਸ਼ੀਲ ਰਹਿੰਦਾ ਹੈ। ਇਸ ਦੇ ਵਿਪਰੀਤ ਮਜ਼ਹਬ ਪੱਛਮ ਵਿੱਚ ਵਿਕਸਤ ਹੋਈ ਥੀਓ ਕੇਂਦਰਿਤ ਵਿਸ਼ਵ-ਦ੍ਰਿਸ਼ਟੀ ਦਾ ਪ੍ਰਤੀਫਲ ਹੈ। ਇਸ ਤਰ੍ਹਾਂ ਇਹਨਾਂ ਦੋਵੇਂ ਸੰਕਲਪਾਂ ਦੀ ਇਕਰੂਪਤਾ ਸੰਭਵ ਨਹੀਂ ਲੱਗਦੀ।*

*ਕੀਵਰਡ (Keyword):* *ਧਰਮ, ਗਿਆਨ, ਸਮਾਜ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਪੰਥ, ਗੁਰਮਤਿ ਦਰਸ਼ਨ।*

ਸਿੱਖ ਪੰਥ ਭਾਰਤੀ ਸਭਿਅਤਾ ਦੇ ਧਾਰਮਿਕ ਅਤੇ ਦਾਰਸ਼ਨਿਕ ਵਿਕਾਸ ਵਿੱਚੋਂ ਪੈਦਾ ਹੋਇਆ ਸਭ ਤੋਂ ਨਵੀਨ ਪੰਥ ਹੈ। 'ਗੁਰਮਤਿ', ਜੋ ਕਿ ਗੁਰੂ ਦੀ ਮਤ, ਗੁਰੂ ਦਾ ਉਪਦੇਸ਼ ਅਤੇ ਗੁਰੂ ਦੁਆਰਾ ਦਿੱਤੀ ਸਮਝ ਹੈ, ਇਸ ਪੰਥ ਦਾ ਵਿਚਾਰਧਾਰਾਈ ਅਧਾਰ ਹੈ ਜਿਸ ਦਾ ਇੱਕੋ-ਇੱਕ ਸਰੋਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤਾਂ ਅਤੇ ਗਿਆਰ੍ਹਾਂ ਭੱਟਾਂ ਦੀ ਬਾਣੀ ਮੌਜੂਦ ਹੈ। ਇਸ ਪਵਿੱਤਰ ਗ੍ਰੰਥ ਵਿਚਲੀ ਬਾਣੀ ਹੀ ਸਿੱਖ ਪੰਥ ਦੀ ਰਹਿਨੁਮਾਈ ਅਤੇ ਮਾਰਗ-ਦਰਸ਼ਨ ਕਰਦੀ ਹੈ। ਇਸ ਦੇ ਪਿੱਛੇ ਇਹ ਦ੍ਰਿੜ ਵਿਸ਼ਵਾਸ ਕਾਰਜਸ਼ੀਲ ਹੈ ਕਿ:

> *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
> *ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥*
> *(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੯੮੨)*

ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ 'ਦਰਸ਼ਨ' ਅਤੇ ਸਿੱਖੀ ਉਸ ਦਰਸ਼ਨ ਉੱਤੇ ਸਿਰਜੇ ਗਏ 'ਧਰਮ-ਪੰਥ' ਦਾ ਸਰੂਪ ਲੈਂਦੀ ਹੈ। ਭਾਰਤੀ ਸਭਿਅਤਾ ਵਿੱਚੋਂ ਪੈਦਾ ਹੋਏ ਚਾਰੇ ਧਰਮ-ਪੰਥਾਂ ਦਾ ਅਧਾਰ ਉਸ ਦਾ ਵਿਸ਼ੇਸ਼ ਦਰਸ਼ਨ ਹੀ ਹੈ ਜੋ ਕਿ ਉਹਨਾਂ ਨੂੰ ਵਿਸ਼ਵ ਦ੍ਰਿਸ਼ਟੀ ਅਤੇ ਜੀਵਨ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਅਤੇ ਸਮਾਜ ਵਿੱਚ ਵਿਚਰਨ ਲਈ ਸੇਧ ਦਿੰਦਾ ਹੈ। ਭਾਰਤੀ ਸਭਿਅਤਾ ਵਿੱਚ ਧਰਮ ਅਤੇ ਦਰਸ਼ਨ ਅੰਤਰ-ਸੰਬੰਧਿਤ ਹਨ। ਅਸਲ ਵਿੱਚ ਦਰਸ਼ਨ ਦਾ ਵਿਵਹਾਰ 'ਧਰਮ' ਹੈ।

ਇਸ ਖੋਜ ਪੱਤਰ ਵਿੱਚ ਗੁਰਮਤਿ ਦੇ ਅੰਤਰਗਤ ਧਰਮ ਦੀ ਸੰਕਲਨਾਂ ਨੂੰ ਵਿਚਾਰ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਵਿਚਾਰ ਦੀ ਚਰਚਾ ਕਰਨ ਤੋਂ ਪਹਿਲਾਂ ਧਰਮ ਦੇ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਧਰਮ' ਸੰਸਕ੍ਰਿਤ ਮੂਲ ਦੇ 'ਧ੍ਰੀ' ਧਾਤੂ ਤੋਂ ਉਤਪੰਨ ਹੋਇਆ ਸ਼ਬਦ ਹੈ ਜਿਸ ਦੇ ਸ਼ਾਬਦਿਕ ਅਰਥ ਹਨ - ਧਾਰਣ ਕਰਨਾ। ਧਰਮ ਇੱਕ ਵਿਆਪਕ ਸੰਕਲਪ ਹੈ। ਇੱਕ ਪਾਸੇ ਇਹ ਇੱਕ ਬ੍ਰਹਿਮੰਡੀ ਵਿਧਾਨ ਹੈ ਜੋ ਕਿ ਸ੍ਰਿਸ਼ਟੀ ਦੇ ਵਿੱਚ ਬ੍ਰਹਿਮੰਡੀ ਹੁਕਮ ਵਜੋਂ ਕਾਰਜਸ਼ੀਲ ਹੈ। ਦੂਜੇ ਪਾਸੇ ਇਹ ਮਨੁੱਖ ਅਤੇ ਸਮਾਜ ਨੂੰ ਨੈਤਿਕਤਾ ਉੱਤੇ ਅਧਾਰਿਤ ਆਦਰਸ਼-ਪੂਰਨ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦਾ ਹੈ। ਡਾ ਰਤਨ ਸਿੰਘ ਜੱਗੀ ਅਨੁਸਾਰ-

> *"ਪ੍ਰਾਣੀ ਦੇ ਜਨਮ ਤੋਂ ਲੈ ਕੇ ਵਿਕਾਸ ਤੱਕ ਦੀਆਂ ਸਾਰੀਆਂ ਅਵਸਥਾਵਾਂ ਵਿੱਚ ਧਰਮ ਦੀ ਵਿਆਪਕਤਾ ਸਵੀਕਾਰ ਕੀਤੀ ਗਈ ਹੈ। ਮਨੁੱਖ ਦਾ ਧਰਮ ਕੇਵਲ ਭੌਤਿਕ ਅੰਸ਼ਾਂ ਵਿੱਚ ਹੀ ਸੀਮਤ ਨਾ ਰਹਿ ਕੇ ਉਸ ਦੇ ਜੀਵਨ ਦਾ ਸੰਪੂਰਨ ਕ੍ਰਮ ਬਣ ਜਾਂਦਾ ਹੈ, ਉਹੀ ਉਸ ਦੇ ਕਰਤੱਵ ਦਾ ਸੰਚਾਲਨ ਕਰਦਾ ਹੈ। ਭਾਰਤੀ ਲੌਕਿਕ ਧਾਰਾਵਾਂ ਵਿੱਚ ਅਰੁਕ ਗਤੀ ਵਿੱਚ ਵਹਿਣ ਵਾਲੀ ਕਰਤੱਵ ਧਾਰਾ ਹੀ 'ਧਰਮ' ਹੈ।"*
> *(ਸਿੱਖ ਪੰਥ ਵਿਸ਼ਵਕੋਸ਼, ਭਾਗ-੨, ਪੰਨਾ: ੧੭੧)*

ਇਸ ਤਰ੍ਹਾਂ ਧਰਮ ਭਾਰਤੀ ਜੀਵਨ ਜਾਂਚ ਦੀ ਨੀਂਹ ਹੈ ਅਤੇ ਸਮਾਜਕ ਵਿਵਸਥਾ ਲਈ ਇੱਕ ਨੈਤਿਕ ਵਿਧਾਨ ਵਜੋਂ ਕਾਰਜਸ਼ੀਲ ਰਹਿੰਦਾ ਹੈ। ਸਮਾਜ ਵਿੱਚ ਧਰਮ ਦੀ ਇਸ ਭੂਮਿਕਾ ਦੀ ਪਿੱਠ-ਭੂਮੀ ਵਿੱਚ ਕਾਰਜਸ਼ੀਲ ਭਾਰਤੀ ਦਾਰਸ਼ਨਿਕ

ਵਿਚਾਰਧਾਰਾ ਨੂੰ ਸੂਤਰਬੱਧ ਕਰਨਾ ਲਾਜ਼ਮੀ ਹੈ। ਇਹ ਵਿਚਾਰਧਾਰਾ ਅਸਲ ਰੂਪ ਵਿੱਚ ਭਾਰਤੀ ਦਰਸ਼ਨ ਵਿੱਚੋਂ ਪ੍ਰਾਪਤ ਵਿਸ਼ਵ ਦ੍ਰਿਸ਼ਟੀ ਹੈ ਜੋ ਕਿ ਸ੍ਰਿਸ਼ਟੀ ਸਿਰਜਣਾ ਪਿੱਛੇ ਕਾਰਜਸ਼ੀਲ 'ਬ੍ਰਹਮ' ਦੇ ਸੰਕਲਪ ਨੂੰ ਸਿਰਜਦੀ ਹੈ।

ਬ੍ਰਹਮ-ਕੇਂਦਰਿਤ ਵਿਸ਼ਵ ਦ੍ਰਿਸ਼ਟੀਕੋਣ ਦਾ ਮਤਲਬ ਹੈ ਕਿ 'ਬ੍ਰਹਮ' ਨੂੰ ਹੀ ਸਾਰੀ ਸ੍ਰਿਸ਼ਟੀ ਦਾ ਮੂਲ ਅਤੇ ਕੇਂਦਰ ਮੰਨਿਆ ਜਾਂਦਾ ਹੈ। ਇਹ ਸਰਬਉੱਚ ਸੱਤਾ ਹੈ, ਜਿਸ ਨੂੰ ਨਿਰਗੁਣ ਅਤੇ ਸਰਬ-ਵਿਆਪਕ ਮੰਨਿਆ ਜਾਂਦਾ ਹੈ। ਇਹ ਸਮੁੱਚੀ ਸ੍ਰਿਸ਼ਟੀ ਦਾ ਅਧਾਰ ਅਤੇ ਸੱਚ ਹੈ। ਇਸ ਵਿਚਾਰ ਅਨੁਸਾਰ, ਹਰ ਜੀਵ ਅਸਲ ਵਿੱਚ ਇਸੇ ਬ੍ਰਹਮ ਦਾ ਇੱਕ ਅੰਸ਼ ਹੈ। ਜੀਵਨ ਦਾ ਅੰਤਿਮ ਟੀਚਾ ਮੋਕਸ਼ ਹੈ, ਅਰਥਅਤ ਇਸ ਸੰਸਾਰ ਦੇ ਚੱਕਰ (ਸੰਸਾਰ) ਤੋਂ ਮੁਕਤੀ ਪ੍ਰਾਪਤ ਕਰਕੇ ਆਪਣੀ ਆਤਮਾ ਨੂੰ ਬ੍ਰਹਮ ਨਾਲ ਇੱਕ-ਮਿੱਕ ਕਰਨਾ। ਇਹ ਦ੍ਰਿਸ਼ਟੀਕੋਣ ਵਿਸ਼ਵ ਨੂੰ ਇੱਕ ਇਕਾਈ ਵਜੋਂ ਦੇਖਦਾ ਹੈ, ਜਿੱਥੇ ਹਰ ਚੀਜ਼ ਦਾ ਇੱਕੋ ਸਰੋਤ ਹੈ।

ਧਰਮ-ਕੇਂਦਰਿਤ ਸਮਾਜਿਕ ਦ੍ਰਿਸ਼ਟੀਕੋਣ ਦਾ ਮਤਲਬ ਹੈ ਕਿ ਸਮਾਜਿਕ ਜੀਵਨ, ਵਿਵਹਾਰ ਅਤੇ ਨਿਯਮ 'ਧਰਮ' 'ਤੇ ਅਧਾਰਿਤ ਹਨ। ਧਰਮ ਦਾ ਮਤਲਬ ਕੇਵਲ 'ਮਜ਼੍ਹਬ' ਨਹੀਂ ਹੈ, ਸਗੋਂ ਇਹ ਧਾਰਨ ਕਰਨ ਯੋਗ ਨੈਤਿਕ ਫ਼ਰਜ਼, ਕਰਤੱਵ, ਧਾਰਮਿਕ ਕਾਨੂੰਨ, ਸਹੀ ਆਚਰਣ ਅਤੇ ਨਿਆਂ ਹੈ। ਇਹ ਉਹ ਸੰਤੁਲਨ ਹੈ ਜੋ ਸਮੁੱਚੇ ਬ੍ਰਹਿਮੰਡ ਅਤੇ ਸਮਾਜ ਨੂੰ ਸਹੀ ਢੰਗ ਨਾਲ ਚਲਾਉਂਦਾ ਹੈ। ਹਰ ਵਿਅਕਤੀ ਦਾ ਆਪਣੀ ਸਥਿਤੀ, ਉਮਰ ਅਤੇ ਸਮਾਜਿਕ ਵਰਗ ਅਨੁਸਾਰ ਇੱਕ ਖ਼ਾਸ ਕਰਤੱਵ ਹੁੰਦਾ ਹੈ, ਜਿਸ ਦੀ ਪਾਲਣਾ ਕਰਨੀ ਜ਼ਰੂਰੀ ਹੈ। ਸਮਾਜ ਦਾ ਢਾਂਚਾ ਅਤੇ ਕਾਨੂੰਨ ਧਾਰਮਿਕ ਅਤੇ ਨੈਤਿਕ ਸਿਧਾਂਤਾਂ (ਜਿਵੇਂ ਕਿ ਸੱਚ, ਅਹਿੰਸਾ, ਦਇਆ) 'ਤੇ ਅਧਾਰਿਤ ਹੋਣੇ ਚਾਹੀਦੇ ਹਨ। ਇਸ ਦ੍ਰਿਸ਼ਟੀਕੋਣ ਵਿੱਚ, ਧਰਮ ਦੀ ਪਾਲਣਾ ਕਰਕੇ ਹੀ ਸਮਾਜ ਵਿੱਚ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖੀ ਜਾ ਸਕਦੀ ਹੈ। ਬ੍ਰਹਮ-ਕੇਂਦਰਿਤ ਦ੍ਰਿਸ਼ਟੀਕੋਣ ਜੀਵਨ ਦੇ ਆਤਮਿਕ ਸੱਚ ਨੂੰ ਦੱਸਦਾ ਹੈ, ਜਦੋਂ ਕਿ ਧਰਮ-ਕੇਂਦਰਿਤ ਦ੍ਰਿਸ਼ਟੀਕੋਣ ਇਸ ਸੱਚ ਨੂੰ ਪ੍ਰਾਪਤ ਕਰਨ ਲਈ ਸਮਾਜਿਕ ਅਤੇ ਨੈਤਿਕ ਮਾਰਗ ਨੂੰ ਦੱਸਦਾ ਹੈ।

ਗੁਰਮਤਿ ਦਰਸ਼ਨ ਵਿੱਚੋਂ ਪ੍ਰਾਪਤ ਵਿਸ਼ਵ ਅਤੇ ਜੀਵਨ ਦ੍ਰਿਸ਼ਟੀ 'ਬ੍ਰਹਮ-ਜੀਵ-ਜਗਤ' ਵਜੋਂ ਵਰਗੀਕ੍ਰਿਤ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਢ ਬੱਝਦਾ 'ਮੂਲ ਮੰਤਰ' ਸ੍ਰਿਸ਼ਟੀ ਸਿਰਜਣਾ ਪਿੱਛੇ ਕਾਰਜਸ਼ੀਲ ਬ੍ਰਹਮ ਦੇ ਵਿਧਾਨ ਦਾ ਪ੍ਰਮਾਣ ਦਿੰਦਾ ਹੈ ਅਤੇ ਇਸ ਦੇ ਨਾਲ ਹੀ ਬ੍ਰਹਮ ਦੇ ਨਿਰਗੁਣ-ਨਿਰਾਕਾਰ ਸਰੂਪ ਦੀ ਵਿਆਖਿਆ ਕਰਦਾ ਹੈ-

> *गुरमति वचारधारा सृष्टि रचना के इसी दार्शनिक पक्ष को स्था पत करती है। गुरु नानक ने जपु जी बाणी में जो मूल-मंत्र दिया है, वह वास्तव में ब्रह्म का ही सूत्र है- "ੴ सति नामु करता पुरखु निरभउ निरवैरु अकाल मूरति अजूनी सैभं गुर प्रसादि॥" जपुजी बाणी के मूल-मंत्र में गुरु नानक देव जी ने जहाँ ब्रह्म की परिभाषा निश्चित की है, उसी के भीतर उन्होंने सामी-सभ्यता से इसकी भन्नता को भी स्पष्ट कया है। मूल-मंत्र में निरभउ निरवैर गुणों को रब (God) की अब्राहमक संकल्पनाओं के संदर्भ में लखा है, जिसमें रब निराकार तो है पर निर्गुण नहीं, वह गुस्से वाला माना जाता है और उस रब ने आदम जाति को इसी गुस्से के कारण जन्नत से बाहर फेंक दिया था। भारतीय दर्शन के अनुसार ब्रह्म की संकल्पना में सृष्टि का कर्ता निर्गुण, निराकार, अकाल-मूरत, अजूनी और स्वयंभू है। मूलमंत्र में सृष्टि रचना के कर्ता को एक 'निर्गुण-निराकार' प्रबंध या हुक्म के रूप में प्रस्तुत कया गया है। यह गुरमति दर्शन का केंद्रीय बिंदु या बीज-वाक्य है। इसी दार्शनिक धुरी से ही गुरमति वचारधारा का वकास होता है और सक्खी के रूप में एक व्यावहारिक मार्ग भी तैयार होता है।*
>
> *(10.13140/RG.2.2.28057.53600)*

ਇਸ ਤਰ੍ਹਾਂ ਮੁੱਢ ਵਿੱਚ ਹੀ ਸ੍ਰਿਸ਼ਟੀ ਸਿਰਜਣਾ ਅਤੇ ਵਿਕਾਸ ਦੇ ਪਿੱਛੇ ਕਾਰਜਸ਼ੀਲ ਨੇਮ 'ਬ੍ਰਹਮ' ਨੂੰ ਸੰਬੋਧਿਤ ਹੁੰਦਿਆਂ ਗੁਰਮਤਿ ਦਰਸ਼ਨ ਵਿਚਲੀ ਵਿਸ਼ਵ-ਦ੍ਰਿਸ਼ਟੀ ਨੂੰ ਬ੍ਰਹਮ ਕੇਂਦਰਿਤ ਨਿਰਧਾਰਿਤ ਕੀਤਾ ਗਿਆ ਹੈ ਜੋ ਕਿ ਗਿਆਨ ਅਤੇ ਅਨੁਭੂਤੀ ਨੂੰ ਜੀਵਨ ਵਿੱਚ ਵਿਕਾਸ ਦਾ ਅਧਾਰ ਬਣਾਉਂਦੀ ਹੈ। ਸਤਿ ਅਤੇ ਰਿਤ ਦੇ ਦਾਰਸ਼ਨਿਕ ਸੰਕਲਪ ਅਨੁਸਾਰ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਸਤਿ, ਸਥਿਰ ਅਤੇ ਸਥਾਈ ਮੰਨਦਿਆਂ, ਜੀਵ ਅਤੇ ਜਗਤ ਦੇ ਪਰਪੰਚ ਨੂੰ ਸਰਗੁਣ, ਥੁੜ-ਚਿਰੀ ਅਤੇ ਕਾਲ-ਬੱਧ ਸਵੀਕਾਰਿਆ ਗਿਆ ਹੈ। ਇਸੇ ਅਸਥਾਈ ਜਗਤ ਪਰਪੰਚ ਵਿੱਚ ਵਿਚਰਦਿਆਂ ਜੀਵ ਨੂੰ ਪਰਮ-ਸਤਿ ਦੀ ਅਨੁਭੂਤੀ ਕਰਨ ਦਾ ਰਾਹ ਦਿਖਾਇਆ ਗਿਆ ਹੈ। ਇਸ ਤਰ੍ਹਾਂ ਗੁਰਮਤਿ ਦਰਸ਼ਨ ਅਤੇ ਭਾਰਤੀ ਦਰਸ਼ਨ ਵਿੱਚੋਂ ਪ੍ਰਾਪਤ ਨਿਰਗੁਣ-ਨਿਰਾਕਾਰ ਬ੍ਰਹਮ ਦੀ ਵਿਸ਼ਵ-ਦ੍ਰਿਸ਼ਟੀ ਸਮਤੁਲ ਰੂਪ ਵਿੱਚ ਮੌਜੂਦ ਹੈ।

ਵਿਅਕਤੀਗਤ ਰੂਪ ਵਿੱਚ ਗੁਰਮਤਿ, ਧਰਮ ਅਤੇ ਭਾਰਤੀ ਦਰਸ਼ਨ ਵਿੱਚੋਂ ਪ੍ਰਾਪਤ ਬ੍ਰਹਮ-ਕੇਂਦਰਿਤ ਵਿਸ਼ਵ ਦ੍ਰਿਸ਼ਟੀ ਦੀ ਧਰਮ-ਕੇਂਦਰਿਤ ਸਮਾਜਕ ਦ੍ਰਿਸ਼ਟੀ ਦੇ ਪੱਖ ਨੂੰ ਵਿਚਾਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਪ੍ਰਮਾਣਿਤ ਗੁਰਮਤਿ ਵਿੱਚ ਧਰਮ ਦੇ ਸੰਕਲਪ ਨੂੰ ਵਰਗੀਕ੍ਰਿਤ ਕੀਤਾ ਗਿਆ ਹੈ।

**ਧਰਮ-ਗਿਆਨ**

ਸਭ ਤੋਂ ਪਹਿਲਾਂ ਧਰਮ ਨੂੰ ਗਿਆਨ ਦੇ ਸੰਦਰਭ ਵਿੱਚ ਵਿਚਾਰਿਆ ਗਿਆ ਹੈ। ਭਾਰਤੀ ਗਿਆਨ ਪਰੰਪਰਾ ਦੇ ਵਿੱਚ ਗਿਆਨ ਕੇਵਲ ਇੱਕ ਹੀ ਹੈ ਜੋ ਕਿ ਸਤਿ ਹੈ; ਸ੍ਰਿਸ਼ਟੀ ਦੀ ਸਿਰਜਣਾ, ਵਿਕਾਸ ਅਤੇ ਵਿਨਾਸ਼ ਪਿੱਛੇ ਕਾਰਜਸ਼ੀਲ ਹੁਕਮ ਹੈ ਅਤੇ ਕੇਵਲ ਅਨੁਭੂਤੀ ਦੇ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰਮਤਿ ਵਿੱਚ ਧਰਮ ਨੂੰ ਇਸੇ ਗਿਆਨ ਦੇ ਸਮਰੂਪ ਪੇਸ਼ ਕੀਤਾ ਗਿਆ ਹੈ। ਧਰਮ ਨੂੰ ਗਿਆਨ ਵਜੋਂ ਵਿਚਾਰਦਿਆਂ ਧਰਮ ਦੇ ਸ਼ਾਬਦਿਕ ਅਤੇ ਸਮਾਜਿਕ ਅਰਥਾਂ ਤੋਂ ਇਸ ਦਾ ਅਰਥ ਵਿਸਥਾਰ ਹੋ ਜਾਂਦਾ ਹੈ। ਗੁਰਬਾਣੀ ਵਿੱਚੋਂ ਦੀ ਤੁਕ *ਏਕੋ ਧਰਮੁ ਦ੍ਰਿੜੈ ਸਚੁ ਕੋਈ॥ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*ਗੁਰਮਤਿ ਦਾ ਸਰੂਪ ਇੱਕ ਧਰਮ ਨੂੰ ਦ੍ਰਿੜ ਕਰਨ ਵਿੱਚ ਨਿਸ਼ਚਿਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਇਸੇ ਸ਼ਬਦ ਰਾਹੀਂ

ਗੁਰਮਤਿ ਦੀ ਵਿਸ਼ਵ-ਦ੍ਰਿਸ਼ਟੀ ਨੂੰ ਇੱਕ ਵਾਰ ਫੇਰ ਵਿਸਥਾਰ ਵਿੱਚ ਲਿਖਦਿਆਂ ਫ਼ਰਮਾਉਂਦੇ ਹਨ -

*ਏਕੋ ਤਖਤੁ ਏਕੋ ਪਾਤਿਸਾਹੁ॥ਸਰਬੀ ਥਾਈ ਵੇਪਰਵਾਹੁ॥*
*ਤਿਸ ਕਾ ਕੀਆ ਤ੍ਰਿਭਵਣ ਸਾਰੁ॥ਓਹੁ ਅਗਮੁ ਅਗੋਚਰੁ ਏਕੰਕਾਰੁ॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੧੮੮)*

ਇੱਥੇ ਸਰਬ-ਵਿਆਪਕ ਪਰਮ ਸ਼ਕਤੀ ਨੂੰ ਹੀ ਹਰੇਕ ਕਾਰਜ ਦੇ ਕਾਰਣ ਵਜੋਂ ਨਿਰਧਾਰਿਤ ਕੀਤਾ ਗਿਆ ਹੈ ਅਤੇ ਇਸੇ ਇੱਕੋ-ਇੱਕ ਸਰਬ-ਵਿਆਪਕ ਸ਼ਕਤੀ ਨੂੰ ਧਰਮ ਮੰਨ ਕੇ ਸੱਚੇ-ਸੁੱਚੇ ਭਾਵ ਨਾਲ ਦ੍ਰਿੜ੍ਹ ਕਰਨਾ ਗੁਰਮਤਿ ਦਾ ਅਸਲ ਸੰਕਲਪ ਅਤੇ ਕਾਰਜ ਹੈ। ਇਸ ਰਾਹੀਂ ਧਰਮ ਦੇ ਸੰਕਲਪ ਨੂੰ ਸਤਿ ਦੀ ਸਰਬ-ਵਿਆਪਕਤਾ ਨਾਲ ਜੋੜਦਿਆਂ ਉਸ ਨੂੰ ਉਸ ਦੇ ਸਮਰੂਪ ਨਿਰਧਾਰਿਤ ਕੀਤਾ ਗਿਆ। ਇਸ ਤੋਂ ਇਲਾਵਾ ਭਗਤ ਕਬੀਰ ਫ਼ੁਰਮਾਉਂਦੇ ਹਨ -

*ਕਬੀਰਾ ਜਹਾ ਗਿਆਨੁ ਤਹਿ ਧਰਮ ਹੈ ਜਹਾ ਝੂਠੁ ਤਹਿ ਪਾਪੁ॥*
*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੭੨)*

ਇਹ ਤੁਕ ਧਰਮ ਨੂੰ ਗਿਆਨ ਦੀ ਹਰ ਅਵਸਥਾ ਦੇ ਨਾਲ ਸਥਾਪਿਤ ਕਰਦੀ ਹੈ। ਭਗਤ ਕਬੀਰ ਅਨੁਸਾਰ ਜਿੱਥੇ ਗਿਆਨ ਹੈ ਉੱਥੇ ਹੀ ਧਰਮ ਮੌਜੂਦ ਹੈ ਅਤੇ ਝੂਠ, ਪਾਪ, ਲੋਭ ਆਦਿ ਅਧਰਮ ਦੀ ਅਵਸਥਾਵਾਂ ਹਨ। ਧਰਮ ਨੂੰ ਗਿਆਨ ਅਤੇ ਇਸ ਦੀ ਅਨੁਭੂਤੀ ਦੇ ਸਾਧਨ ਵਜੋਂ ਚੌਥੇ ਗੁਰੂ, ਗੁਰੂ ਰਾਮਦਾਸ ਜੀ ਪਾਸੋਂ ਹਰੇਕ ਸਰੀਰ ਭਾਵ ਮਨੁੱਖੀ ਦੇਹ ਨੂੰ ਹੀ ਧਰਮ ਸਥਾਪਿਤ ਕੀਤਾ ਗਿਆ ਜਿਸ ਵਿੱਚ ਸੱਚੇ ਦੀ ਜੋਤਿ ਦਾ ਵਾਸ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ-

*ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੦੯)*

ਗੁਰੂ ਸਾਹਿਬ ਅਨੁਸਾਰ ਕੋਈ ਵਿਰਲਾ ਮਨੁੱਖ ਇਸ ਗੁੱਝੇ ਲਾਲ ਰਤਨ ਨੂੰ ਲੱਭ ਸਕਦਾ ਹੈ ਅਤੇ ਜੋ ਲੱਭ ਲੈਂਦਾ ਹੈ, ਉਹੀ ਗੁਰਮੁਖਿ ਅਖਵਾਉਂਦਾ ਹੈ। ਇਹ ਗੁੱਝਾ ਲਾਲ ਰਤਨ ਰੂਪੀ ਗਿਆਨ ਲੱਭਣ ਦੀ ਪ੍ਰਕਿਰਿਆ, ਅਸਲ ਵਿੱਚ ਹਰੇਕ ਵਿੱਚ ਰਮੇ ਹੋਏ ਅਤੇ ਪੂਰੀ ਸ੍ਰਿਸ਼ਟੀ ਵਿੱਚ ਓਤ-ਪੋਤ ਬ੍ਰਹਮ ਦੀ ਅਨੁਭੂਤੀ ਦੀ ਹੀ ਲਖਾਇਕ ਹੈ। ਗੁਰੂ ਰਾਮਦਾਸ ਜੀ ਅਨੁਸਾਰ ਇਸ ਗਿਆਨ ਦੀ ਅਤੇ ਧਰਮ ਦੀ ਅਨੁਭੂਤੀ ਕਰਨ ਦਾ ਸਥਾਨ ਅਤੇ ਰਾਹ ਇਹ ਸ਼ਰੀਰ ਹੀ ਹੈ। ਧਰਮ ਅਤੇ ਗਿਆਨ ਦੀ ਅੰਤਰ-ਸੰਬੰਧਤਾ ਅਤੇ ਨਾਲ ਹੀ ਸਮਰੂਪਤਾ ਨੂੰ ਦਰਸਾਉਂਦਾ ਕਥਨ ਹੈ:

*ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥*

*ਕਹੁ ਨਾਨਕ ਅਟਲ ਇਹੁ ਧਰਮੁ॥੪॥੮੦॥੧੪੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੯੬)*

ਇਸ ਕਥਨ ਰਾਹੀਂ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਪਾਰਬ੍ਰਹਮ ਦੇ ਗਿਆਨ ਭਾਵ ਇਸ ਸਮੁੱਚੀ ਵਿਸ਼ਵ-ਦ੍ਰਿਸ਼ਟੀ ਦੇ ਅਨੁਭਵ ਨੂੰ ਪ੍ਰਾਪਤ ਕਰਨ ਨਾਲ ਸਾਰੇ ਭਰਮਾਂ ਅਤੇ ਅਗਿਆਨ ਦਾ ਨਿਸਤਾਰਾ ਦੱਸਦੇ ਹਨ; ਇਸ ਦੇ ਨਾਲ ਹੀ ਉਹਨਾਂ ਅਨੁਸਾਰ ਇਸ ਗਿਆਨ ਦੀ ਅਨੁਭੂਤੀ ਹੀ ਅਟਲ ਧਰਮ ਹੈ। ਇਸ ਤਰ੍ਹਾਂ ਗੁਰਮਤਿ ਵਿੱਚ ਧਰਮ ਨੂੰ ਸਵੈ ਗਿਆਨ ਦੇ ਰੂਪ ਵਿੱਚ ਅਤੇ ਗਿਆਨ ਨੂੰ ਧਰਮ ਦੇ ਮੂਲ ਅਧਾਰ ਵਜੋਂ ਨਿਰਧਾਰਿਤ ਕੀਤਾ ਗਿਆ ਹੈ।

**ਧਰਮ-ਨਾਮ**

ਗੁਰਮਤਿ ਵਿੱਚ ਉਪਰੋਕਤ ਵਰਣਿਤ ਗਿਆਨ ਦਾ ਵਿਹਾਰ ਅਤੇ ਅਨੁਭੂਤੀ ਦਾ ਸਾਧਨ ਨਾਮ ਦਾ ਸਰੂਪ ਲੈਂਦਾ ਹੈ। ਦੂਜੇ ਸ਼ਬਦਾਂ ਵਿੱਚ ਨਾਮ ਹੀ ਗਿਆਨ ਅਤੇ ਗਿਆਨ ਨੂੰ ਅਨੁਭਵ ਕਰਨ ਦਾ ਸਾਧਨ ਹੈ। ਨਾਮ ਦੇ ਸ਼ਾਬਦਿਕ ਅਰਥ ਸੰਗਿਆ ਦੇ ਰੂਪ ਵਿੱਚ ਕੀਤੇ ਜਾਂਦੇ ਹਨ। ਮੂਲ ਮੰਤਰ ਵਿੱਚ ਸਤਿਨਾਮੁ ਦੀ ਪਦਾਵਲੀ ਇਸ ਨਾਮ ਦੇ ਸੰਕਲਪ ਨੂੰ ਵੀ ਸਰਬ-ਵਿਆਪਕ ਗਿਆਨ ਨਾਲ ਸਮਰੂਪ ਕਰਦੀ ਹੈ, ਜੋ ਸਦੀਵੀ ਹੈ ਅਤੇ ਆਦਿ, ਜੁਗਾਦਿ ਤੋਂ ਸੱਚ ਹੈ, ਉਸ ਸ਼ਕਤੀ ਦਾ ਨਾਮ ਸਤਿ ਹੈ। ਜਦੋਂ ਕੋਈ ਗੁਰਮੁਖ ਨਾਮ ਨਾਲ ਜੁੜਦਾ ਹੈ ਤਾਂ ਆਪਣੇ ਭੀਤਰ ਉਸ ਅਕਾਲ, ਪਰਮ ਸਤਿ ਸ਼ਕਤੀ ਨਾਲ ਨਿਰੰਤਰ ਸੰਬੰਧ ਮਹਿਸੂਸ ਕਰਦਾ ਹੈ। ਗੁਰਮਤਿ ਵਿੱਚ ਨਾਮ ਨੂੰ ਵੀ ਧਰਮ ਦੇ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਸਾਰੇ ਧਰਮਾਂ ਵਿੱਚੋਂ ਸ੍ਰੇਸ਼ਟ ਧਰਮ ਨਾਮ ਜਪਣ ਅਤੇ ਉਸ ਦੇ ਅੰਤਰਗਤ ਨਿਰਮਲ ਕਰਮ ਕਰਨਾ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੨੬੬)*

ਇੱਥੇ ਨਾਮ ਜਪਣ ਤੋਂ ਮੁਰਾਦ ਪਰਮ-ਸ਼ਕਤੀ ਦੀ ਸਰਬ-ਵਿਆਪਕ ਹੋਂਦ ਨੂੰ ਹਰ ਪਲ ਅਨੁਭਵ ਵਿੱਚ ਰੱਖਦਿਆਂ ਜੀਵਨ ਦੇ ਕਾਰ-ਵਿਹਾਰ, ਕਰਮ ਰੂਪੀ ਵਿਚਾਰ ਅਤੇ ਸਮੁੱਚੀ ਜੀਵਨ-ਸ਼ੈਲੀ ਨਿਰਧਾਰਿਤ ਕਰਨ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਗੁਰਮਤਿ ਦਰਸ਼ਨ ਵਿੱਚ ਨਾਮ ਉਸੇ ਪਰਮਾਰਥ ਗਿਆਨ ਦੀ ਵਿਹਾਰਕ ਸੰਕਲਪਨਾ ਦੇ ਰੂਪ ਵਿੱਚ ਪੇਸ਼ ਹੁੰਦਾ ਹੈ ਜੋ ਕਿ ਇਸ ਮਾਰਗ ਉੱਤੇ ਚਲਣ ਵਾਲੇ ਗੁਰਸਿੱਖ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ ਅਤੇ ਜੀਵਨ ਦਾ ਅਧਾਰ ਦਿੰਦੀ ਹੈ। ਇਸ ਸੰਦਰਭ ਵਿੱਚ ਭਗਤ ਨਾਮਦੇਵ ਜੀ ਦੀ ਰਚਨਾ ਵਿੱਚੋਂ ਤੁਕ ਹੈ -

*ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥*
*ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥੧॥ ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੨੭)*

ਸਿੱਖ ਪੰਥ ਦੀ ਭਾਰਤੀ ਗਿਆਨ ਅਤੇ ਦਰਸ਼ਨ ਪਰੰਪਰਾ ਵਿੱਚ ਵਿਲੱਖਣਤਾ ਕਾਇਮ ਕਰਨ ਵਾਲਾ ਬਿੰਦੂ ਇਹੀ ਨਾਮ ਦੀ ਸੰਕਲਪਨਾ ਹੈ; ਨਾਮ ਜੋ ਕਿ ਬ੍ਰਹਮ ਗਿਆਨ ਹੈ ਅਤੇ ਇਸ ਦਾ ਵਾਹਕ ਵੀ ਹੈ। ਗੁਰੂ ਸਾਹਿਬਾਨ ਦੁਆਰਾ ਅਗਿਆਨਤਾ

ਦੇ ਹਨੇਰੇ ਵਿੱਚ ਨਾਮ ਧਰਮ ਦਾ ਦੀਵਾ ਬਾਲਿਆ ਗਿਆ ਜਿਸ ਦੇ ਆਸਰੇ ਸਾਰੀ ਕੁਲ ਦਾ ਉਧਾਰ ਸੰਭਵ ਹੋਇਆ। ਇਸ ਸੰਦਰਭ ਵਿੱਚ ਤੁਕ ਹੈ -

*ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੮੭)*

ਇਸ ਸੰਦਰਭ ਵਿੱਚ ਵਿਚਾਰਦਿਆਂ ਧਰਮ ਦਾ ਸਰੂਪ ਬ੍ਰਹਮ ਗਿਆਨ ਵੀ ਹੈ, ਇਸੇ ਬ੍ਰਹਮ ਗਿਆਨ ਦੀ ਅਨੁਭੂਤੀ ਵੀ ਹੈ, ਅਨੁਭੂਤੀ ਦਾ ਸਾਧਨ ਵੀ ਹੈ ਅਤੇ ਵਿਹਾਰ ਲਈ ਮਾਰਗ-ਦਰਸ਼ਕ ਵੀ ਹੈ। ਗਿਆਨ ਵੀ ਧਰਮ ਅਤੇ ਨਾਮ ਵੀ ਧਰਮ ਹੈ। ਗਿਆਨ ਸੰਕਲਪ ਹੈ, ਨਾਮ ਇਸੇ ਸੰਕਲਪ ਦਾ ਵਿਸਥਾਰ ਅਤੇ ਵਿਹਾਰਕ ਪੱਖ ਹੈ, ਇਸੇ ਦੇ ਸਮਰੂਪ ਧਰਮ ਸੰਕਲਪ ਵੀ ਹੈ ਅਤੇ ਵਿਹਾਰ ਵੀ।

**ਧਰਮ-ਭਗਤੀ**

ਗੁਰਮਤਿ ਦਰਸ਼ਨ ਵਿੱਚ ਭਗਤੀ ਦਾ ਵਿਸ਼ੇਸ਼ ਸਥਾਨ ਹੈ। ਸਰਬ-ਵਿਆਪਕ ਹੋਂਦ ਦੀ ਅਨੁਭੂਤੀ ਉਪਰੰਤ ਉਸ ਵਿੱਚ ਵਿਲੀਨ ਹੋਣ ਦੇ ਰਾਹ ਵਿੱਚ ਭਗਤੀ ਭੂਮਿਕਾ ਨਿਭਾਉਂਦੀ ਹੈ। ਭਗਤੀ ਦਾ ਮੂਲ ਤੱਤ ਭਾਵਨਾ ਹੈ। ਬ੍ਰਹਮ ਗਿਆਨ ਦੀ ਅਨੁਭੂਤੀ ਉਪਰੰਤ ਉਸ ਨਾਲ ਸਾਂਝ ਬਣਾਉਣ ਲਈ ਲੋੜੀਂਦੀ ਭਾਵਨਾ ਦਾ ਨਾਂ ਭਗਤੀ ਹੈ। ਇਹ ਭਾਵਨਾ ਸਵੈ ਅਤੇ ਆਪੇ ਦੇ ਭਾਵ ਤੋਂ ਪਾਰ ਜਾ ਕੇ ਪਰਮਾਤਮਾ ਦੀ ਸਰਬ-ਵਿਆਪਕ ਹੋਂਦ ਦਾ ਅਨੁਭਵ ਕਰਾਉਂਦੀ ਹੈ। ਭਗਤੀ ਦੇ ਨਾਲ ਹੀ ਹਰ ਤਰ੍ਹਾਂ ਦੇ ਡਰ ਅਤੇ ਭਉ ਤੋਂ ਮੁਕਤ ਹੋਇਆ ਜਾ ਸਕਦਾ ਹੈ। ਗਿਆਨ ਪ੍ਰਾਪਤੀ ਦੇ ਵਿਸ਼ਾਲ ਅਨੁਭਵ ਨੂੰ ਸ਼ਰੀਰ ਉੱਤੇ ਹੰਢਾਉਣ ਲਈ ਲੋੜੀਂਦੀ ਸ਼ਕਤੀ ਭਗਤੀ ਰਾਹੀਂ ਪ੍ਰਾਪਤ ਹੁੰਦੀ ਹੈ। ਭਗਤੀ ਦੋਹਰੇ ਸਰੂਪ ਵਾਲੀ ਹੈ - ਵਿਅਕਤੀਗਤ ਅਤੇ ਸਮੂਹਿਕ। ਭਗਤੀ ਦੇ ਸਮੂਹਿਕ ਰੂਪ ਵਿੱਚ ਸੰਗਤ ਦੀ ਮਹੱਤਤਾ ਨੂੰ ਦਰਸਾਉਂਦਾ ਭਗਤ ਰਵਿਦਾਸ ਜੀ ਦਾ ਕਥਨ ਹੈ:

*ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੬੯੪)*

ਉਹਨਾਂ ਅਨੁਸਾਰ ਸਾਧ ਦੀ ਸੰਗਤ ਤੋਂ ਬਿਨਾਂ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਭਾਵਨਾ ਤੋਂ ਬਿਨਾਂ ਭਗਤੀ ਸੰਭਵ ਨਹੀਂ। ਸਾਧਸੰਗਤ ਵਿੱਚ ਭਗਤੀ ਕਰਨ ਦਾ ਇੱਕ ਪ੍ਰਮੁੱਖ ਪੱਖ ਧਰਮ ਦ੍ਰਿੜ ਕਰਨਾ ਹੈ। ਭਾਵ ਸਾਧਸੰਗਤ ਦੇ ਵਿੱਚ ਜਾ ਕੇ ਧਰਮ ਦ੍ਰਿੜ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਹੈ। ਧਰਮ ਦ੍ਰਿੜ ਕਰਨ ਦਾ ਸਾਧਨ ਕੇਵਲ ਪਾਰਬ੍ਰਹਮ ਦੇ ਗਿਆਨ ਦੀ ਪ੍ਰਾਪਤੀ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ -

*ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ।।*
*ਸਾਧ ਕੈ ਸੰਗਿ ਕੇਵਲ ਪਾਰਬ੍ਰਹਮ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੨੭੧)*

ਗੁਰਮਤਿ ਦਰਸ਼ਨ ਵਿੱਚ ਸਾਧਸੰਗਤ ਦਾ ਸੰਕਲਪ ਸਮਾਜ ਵਿੱਚ ਵਿਚਰਦਿਆਂ ਗੁਰਸਿੱਖ ਲਈ ਅਜਿਹੀ ਸਪੇਸ ਸਿਰਜਣਾ ਹੈ ਜਿਸ ਵਿੱਚ ਗੁਰਸਿੱਖ ਪਰਮ ਗਿਆਨ ਦੀ ਅਨੁਭੂਤੀ ਕਰਦਿਆਂ ਇਸ ਮਾਰਗ ਉੱਤੇ ਅਭਿਆਸ ਕਰ ਸਕਦਾ ਹੈ।

**ਧਰਮ - ਕਰਮ**

ਭਾਰਤੀ ਦਰਸ਼ਨ-ਧਾਰਾ ਵਿੱਚ ਕਈ ਸਿਧਾਂਤ ਸ਼ਾਮਲ ਹਨ ਜਿਨ੍ਹਾਂ ਵਿੱਚੋਂ ਕਰਮ ਦਾ ਸਿਧਾਂਤ ਪ੍ਰਮੁੱਖ ਹੈ। ਇਸ ਅਨੁਸਾਰ ਆਪਣੇ ਕਰਮਾਂ ਦਾ ਫਲ਼ ਜੀਵ ਆਪ ਭੋਗਦਾ ਹੈ। ਗੁਰਮਤਿ ਵਿੱਚ ਵੀ ਕਰਮ ਦੀ ਵਿਚਾਰ ਨੂੰ ਤਰਜੀਹ ਦਿੱਤੀ ਗਈ ਹੈ ਅਤੇ ਅਲੰਕਾਰਿਕ ਸ਼ਬਦਾਵਲੀ ਨਾਲ ਉਪਦੇਸ਼ ਦਿੱਤਾ ਗਿਆ ਹੈ। ਧਰਮ ਦਾ ਕਿਰਦਾਰ ਕਰਮਮੁਖੀ ਹੈ। ਇਸ ਅਨੁਸਾਰ ਜਦੋਂ ਤੱਕ ਕਰਮ ਵਿੱਚ ਧਰਮ ਦੀ ਛਾਇਆ ਮੌਜੂਦ ਨਹੀਂ ਹੁੰਦੀ ਉਦੋਂ ਤੱਕ ਜੀਵ ਅਧਰਮ ਹੀ ਕਮਾ ਰਿਹਾ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੪੭)*

ਗੁਰਬਾਣੀ ਵਿੱਚ ਜੀਵਨ ਦੀ ਗਤੀ ਅਤੇ ਖੇੜੇ ਨੂੰ ਦਰਸਾਉਂਦਾ ਕਾਰਕ ਧਰਮ ਨੂੰ ਮੰਨਦਿਆਂ ਫ਼ਰਮਾਇਆ ਗਿਆ ਹੈ -

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੮੪)*

ਇਸੇ ਲੜੀ ਵਿੱਚ ਧਰਤੀ ਰੂਪੀ ਧਰਮ ਵਿੱਚ ਕਰਮ ਰੂਪੀ ਬੀਜ ਪਾਇਆਂ ਉਸੇ ਦੇ ਸਮਰੂਪ ਫਲ਼ ਪ੍ਰਾਪਤੀ ਸੰਭਵ ਦੱਸੀ ਗਈ ਹੈ। ਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ-

*ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੩੦੨)*

ਧਰਮ ਅਧਾਰਿਤ ਕਰਮ ਕਰਨ ਨਾਲ ਗਿਆਨ ਫਲ਼ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ -

*ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੧੬੮)*

**ਧਰਮ-ਆਚਾਰ**

ਧਰਮ ਅਤੇ ਕਰਮ ਦੀ ਵਿਚਾਰ ਜੀਵ ਦੇ ਆਚਰਣ ਨੂੰ ਸੰਬੋਧਿਤ ਹੁੰਦੀ ਸੰਪੂਰਨ ਹੁੰਦੀ ਹੈ। ਧਰਮ ਅਧਾਰਿਤ ਕਰਮ ਦਾ ਪ੍ਰਯੋਜਨ ਆਚਰਣ ਅਤੇ ਹਿਰਦੈ ਵਿੱਚ ਗੁਣਾਂ ਦਾ ਵਾਸ ਹੈ, ਨਾ ਕੇਵਲ ਬਾਹਰੀ ਭੇਖ ਤੱਕ ਸੀਮਤ ਰਹਿ ਕੇ ਕਾਰਜ ਕਰਨ ਤੱਕ। ਸਲੋਕ ਸਹਸਕ੍ਰਿਤੀ ਵਿੱਚ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਿਆ ਗਿਆ ਸਲੋਕ ਇਸ ਦੀ ਪੁਸ਼ਟੀ ਕਰਦਾ ਹੈ-

*ਨਹਿ ਬਿਲੰਬ ਧਰਮੰ ਬਿਲੰਬ ਪਾਪੰ।।*
*ਦ੍ਰਿੜੰ ਨਾਮੰ ਤਜੰਤ ਲੋਭੰ।।*
*ਸਰਣਿ ਸੰਤੰ ਕਿਲਬਿਖ ਨਾਸੰ।।*
*ਪ੍ਰਾਪਤੰ ਧਰਮ ਲਖਣਿ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੧੩੫੪)*

ਉਹਨਾਂ ਦੁਆਰਾ ਧਰਮ ਦੀ ਕਾਰ ਕਰਨ ਲਈ ਵਿਲ ਦੀ ਨਿਖੇਧੀ ਕੀਤੀ ਗਈ ਸਗੋਂ ਪਾਪ ਜਾਂ ਅਧਰਮ ਨਿਖੇਧ ਕਰਨ ਦਾ ਉਪਦੇਸ਼ ਦਿੱਤਾ। ਇਸ ਉਪਰੰਤ ਨਾਮ ਗਿਆਨ ਨੂੰ ਦ੍ਰਿੜ ਕਰਦਿਆਂ ਲੋਭ ਨੂੰ ਤਿਆਗਣ ਦੀ ਸੇਧ ਹੈ। ਸੰਤ ਦੀ ਸਰਣ ਵਿੱਚ ਜਾ ਕੇ ਪਾਪਾਂ ਤੋਂ ਨਿਰਵਿਰਤੀ ਲੈਣਾ ਧਰਮ ਲੱਖਣ ਦੀ ਪ੍ਰਾਪਤ ਹੈ। ਇਸ ਵਿੱਚ ਨਿਰੋਲ ਰੂਪ ਵਿੱਚ ਆਪਣੇ ਆਚਰਣ ਦੇ ਵਿੱਚ ਪਰਿਵਰਤਨ ਲੈ ਕੇ ਆਉਣ ਲਈ ਸਮਾਧਾਨ ਮੂਲਕ ਦ੍ਰਿਸ਼ਟੀ ਤੋਂ ਹਰੇਕ ਕਿਰਿਆ ਨਿਰਧਾਰਿਤ ਕੀਤੀ ਗਈ ਹੈ। ਇਸ ਪ੍ਰਕਿਰਿਆ ਨੂੰ ਪੂਰਾ ਕਰਦਿਆਂ ਜੀਵ ਦੁਆਰਾ ਧਰਮੀ ਕਹਾਉਣ ਦੇ ਲਖਾਇਕ ਹੋਣਾ ਹੈ। ਗੁਰਬਾਣੀ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਸਚਾਈ ਦੀ ਮੰਗ ਕੀਤੀ ਗਈ ਹੈ, ਇਹ ਸਚਾਈ ਹਿਰਦੈ ਵਿੱਚ ਵਿਚਾਰਾਂ ਦੇ ਪੱਧਰ ਉੱਤੇ ਹੈ। ਇਸ ਸੰਦਰਭ ਵਿੱਚ ਕਥਨ ਹੈ-

*ਸਚਿ ਤਾ ਪਰਿ ਜਾਣੀਐ ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲਿ ਉਤਰੈ ਤਨਿ ਖਰੈ ਹਛਾ ਧੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੪੬੮)*

ਜੀਵ ਤੇ ਜਗਤ ਦੇ ਸੰਦਰਭ ਵਿੱਚ ਗੁਰਮਤਿ ਦਰਸ਼ਨ ਵਿੱਚ ਸੱਚੇ ਆਚਾਰ/ਆਚਰਣ ਨੂੰ ਸੱਚ ਤੋਂ ਵੱਧ ਮਹੱਤਤਾ ਦਿੱਤੀ ਗਈ ਹੈ। ਆਚਾਰ ਉਸੇ ਨੈਤਿਕ ਜੀਵਨ ਜਾਂਚ ਵੱਲ ਸੰਕੇਤ ਕਰਦਾ ਹੈ ਜਿਸ ਦਾ ਵਿਸਤ੍ਰਿਤ ਰੂਪ 'ਧਰਮ' ਹੀ ਹੈ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ-

*ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥*
*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੬੨)*

ਕਰਮ ਦੇ ਵਿਹਾਰ ਅਤੇ ਨਾਮ ਰੂਪੀ ਗਿਆਨ ਰਾਹੀਂ ਧਰਮ ਦ੍ਰਿੜ ਕਰਨਾ ਅਧਿਆਤਮਕ ਜੀਵਨ ਦੀ ਪਹਿਲੀ ਅਵਸਥਾ ਹੈ ਅਤੇ ਇਸ ਦੇ ਨਾਲ ਹੀ ਇਸ ਜੀਵਨ ਦਾ ਅਰੰਭ ਕਾਜ ਰਚਾਇਆ ਜਾ ਸਕਦਾ ਹੈ। ਗੁਰੂ ਰਾਮਦਾਸ ਜੀ ਨੇ ਫ਼ਰਮਾਇਆ ਹੈ-

*ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥*
*ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥*
*ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥*
*ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥*
*ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥*
*ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: ੭੭੩)*

ਪ੍ਰਭੂ ਨਾਲ ਮਿਲਾਪ ਦੇ ਕਾਰਜ ਦਾ ਆਰੰਭ ਸੰਸਾਰਿਕ ਵਿਹਾਰਾਂ (ਪਰਵਿਰਤੀ ਕਰਮ) ਨੂੰ ਤਿਆਗ ਕੇ ਨਹੀਂ, ਸਗੋਂ ਉਹਨਾਂ ਨੂੰ ਧਰਮ ਦੇ ਅਨੁਕੂਲ ਬਣਾ ਕੇ ਹੁੰਦਾ ਹੈ। ਇੱਕ ਸਿੱਖ ਲਈ ਅਧਿਆਤਮਕ ਜੀਵਨ ਦੀ ਸ਼ੁਰੂਆਤ ਗੁਰੂ ਦੀ ਬਾਣੀ ਅਨੁਸਾਰ ਧਰਮ ਨੂੰ ਦ੍ਰਿੜ੍ਹ ਕਰਨ, ਨਾਮ ਸਿਮਰਨ ਕਰਨ ਅਤੇ ਵਿਕਾਰਾਂ ਦੇ ਤਿਆਗ ਨਾਲ ਹੁੰਦੀ ਹੈ।

**ਨਿਸ਼ਕਰਸ਼**

ਧਰਮ ਇੱਕ ਨੈਤਿਕ ਮੁੱਲਾਂ ਦਾ ਵਿਧਾਨ ਹੈ ਜੋ ਕਰਮ ਅਤੇ ਆਚਰਣ ਨੂੰ ਸੰਬੋਧਿਤ ਹੈ। ਇਹ ਵਿਧਾਨ ਆਪਣਾ ਸਰੂਪ ਪਰਮ ਗਿਆਨ ਤੋਂ ਹੀ ਪ੍ਰਾਪਤ ਕਰਦਾ ਹੈ ਜੋ ਕਿ ਵਿਅਕਤੀ ਰੂਪੀ ਜੀਵ ਨੂੰ ਜੀਵਨ ਵਿੱਚ ਵਿਚਰਨ ਅਤੇ ਕਾਰ-ਵਿਹਾਰ ਕਰਨ ਦੀ ਸੇਧ ਦਿੰਦਾ ਹੈ। ਇਸੇ ਕਰਮ ਦੇ ਵਿਹਾਰ ਵਿੱਚ ਅਭਿਆਸ ਕਰਕੇ ਜੀਵ ਫਲ਼ ਪ੍ਰਾਪਤ ਕਰਦਾ ਹੈ। ਇਹ ਜੀਵ ਦੇ ਜੀਵਨ ਨੂੰ ਪ੍ਰਯੋਜਨ ਮੁਖੀ ਵੀ ਬਣਾਉਂਦਾ ਹੈ ਕਿਉਂਜੋ ਕਰਮਸ਼ੀਲਤਾ ਦਾ ਸੰਘਰਸ਼ ਕਰਦਿਆਂ ਹਰੇਕ ਜੀਵ ਕਿਸੇ ਪੱਧਰ ਉੱਤੇ ਪਹੁੰਚਦਾ ਹੈ ਅਤੇ ਵਿਅਕਤੀਗਤ ਪੱਧਰ'ਤੇ ਅਨੁਭਵੀ ਗਿਆਨ ਤੇ ਅਧਿਆਤਮਿਕਤਾ ਦੀ ਵੱਖ-ਵੱਖ ਅਵਸਥਾਵਾਂ ਪ੍ਰਾਪਤ ਕਰਦਾ ਹੈ। ਗੁਰਮਤਿ ਵਿੱਚ ਧਰਮ ਦੇ ਸੰਕਲਪ ਦੀ ਵਿਚਾਰ ਕਰਦਿਆਂ ਇਹ ਸਿੱਟਾ ਨਿਕਲਦਾ ਹੈ ਕਿ ਧਰਮ-ਗਿਆਨ, ਭਗਤੀ ਅਤੇ ਕਰਮ ਦਾ ਵਾਹਕ ਹੈ। ਇਹ ਇੱਕ ਵਿਸ਼ਾਲ ਅਤੇ ਬਹੁਅਰਥਕ ਸੰਕਲਪ ਹੈ। ਸਮਾਜਿਕ ਜੀਵਨ ਲਈ ਲੋੜੀਂਦੇ ਬੁਨਿਆਦੀ ਬਿੰਦੂਆਂ ਤੋਂ ਲੈ ਕੇ ਅਧਿਆਤਮਕ ਗਿਆਨ ਦੀ ਸਿਖਰ ਤੱਕ ਸਮੁੱਚਾ ਦਰਸ਼ਨ ਅਤੇ ਵਿਹਾਰ ਧਰਮ ਦੇ ਖੇਤਰ ਵਿੱਚ ਹੈ। ਗੁਰਮਤਿ ਵਿੱਚੋਂ ਉਪਰੋਕਤ ਵਰਣਿਤ ਸਾਰੇ ਵਰਗਾਂ ਵਿੱਚੋਂ ਪ੍ਰਾਪਤ ਧਰਮ ਦੀ ਪਰਿਭਾਸ਼ਾਵਾਂ, ਅਵਸਥਾਵਾਂ ਅਤੇ ਵਿਚਾਰਾਂ ਦੀ ਸਮੁੱਚਤਾ ਗੁਰਮਤਿ ਅਨੁਸਾਰ ਧਰਮ ਦਾ ਸਰੂਪ ਸਿਰਜਦੀ ਹੈ। ਗੁਰਬਾਣੀ ਧਰਮ ਦੇ ਸੰਕਲਪ ਨੂੰ ਸਰਬ-ਵਿਆਪਕਤਾ ਨਾਲ ਜੋੜਦਿਆਂ ਇਸ ਨੂੰ ਕਿਸੇ ਤਰ੍ਹਾਂ ਦੇ ਸੰਕੀਰਣ ਅਤੇ ਅਣਸੁਖਾਵੇਂ ਕਾਰਜ ਤੋਂ ਵਿਮੁਕਤ ਕਰਦੀ ਹੈ; ਸਗੋਂ ਇਸ ਕਿਸਮ ਦੇ ਕਾਰਜ ਨੂੰ ਅਧਰਮ ਅਤੇ ਪਾਪ ਦੀ ਸ਼੍ਰੇਣੀ ਵਿੱਚ ਅੰਕਿਤ ਕਰਦੀ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਜਦੁਨਾਥ ਸਿਨਹਾ, ਭਾਰਤੀ ਦਰਸ਼ਨ, ਮੋਤੀਲਾਲ ਬਨਾਰਸੀਦਾਸ ਪਬਲਿਸ਼ਰਜ਼ ਪ੍ਰਾਇਵੇਟ ਲਿਮਿਟਿਡ, ਦਿੱਲੀ, ਪੰਜਵਾਂ ਸੰਸਕਰਣ, 2018*
2. *ਪ੍ਰੋ. ਜਗਬੀਰ ਸਿੰਘ, ਭਾਰਤੀ ਸਭਿਅਤਾ ਅਤੇ ਇਸ ਦੀਆਂ ਧਾਰਮਿਕ ਪਰੰਪਰਾਵਾਂ–ਉੱਤਰ-ਬਸਤੀਵਾਦੀ ਪਰਿਪੇਖ, ਚੇਤਨਾ ਪ੍ਰਕਾਸ਼ਨ, 2022*
3. *-ਉਹੀ-, ਭਾਰਤੀ ਗਿਆਨ ਪਰੰਪਰਾ ਅਤੇ ਗੁਰਬਾਣੀ (ਵਰਤਮਾਨ ਪਰਿਪੇਖ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2022*
4. *Prof. Ravinder Singh, Understanding Punjab: A Geo-cultural and Civilisational Context. IIAS, Shimla, 2024*

5. ਡਾ ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 2005
6. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009
7. ਉਹੀ, ਗੁਰੂ ਗ੍ਰੰਥ ਵਿਚਾਰ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011


## *Cite this Article-*


ਡਾ. ਨਵਨੀਤ ਕੌਰ (Dr. Navneet Kaur), ਗੁਰਮਤਿ ਵਿੱਚ ਧਰਮ ਦੀ ਸੰਕਲਪਨਾ (Gurmati Vich Dharam Di Sankalpna), *ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 15-20.*

*Journal URL: www.armaan.org.in*

*DOI: https://doi.org/10.64119/armaan.vol.4.issue1.03*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/